# Solar Homes ਪ੍ਰੋਗਰਾਮ

ਵਿਕਟੋਰੀਆ ਵਾਸੀ ਆਪਣੇ ਊਰਜਾ ਬਿੱਲਾਂ ਨੂੰ ਕਾਬੂ ਕਰ ਰਹੇ ਹਨ, ਨੌਕਰੀਆਂ ਪੈਦਾ ਕਰ ਰਹੇ ਹਨ, ਵਾਤਾਵਰਣ ਦੇ ਬਦਲਾਵ ਨੂੰ ਕਾਬੂ ਕਰ ਰਹੇ ਹਨ ਅਤੇ Solar Homes ਪ੍ਰੋਗਰਾਮ ਦੇ ਰਾਹੀਂ ਸਾਰੇ ਵਿਕਟੋਰੀਆ ਵਾਸੀਆਂ ਲਈ ਸਾਫ਼ ਸੁਥਰਾ ਅਤੇ ਵਧੀਆ ਭਵਿੱਖ ਪ੍ਰਦਾਨ ਕਰ ਰਹੇ ਹਨ।



## ਸੂਰਜੀ ਊਰਜਾ ਪ੍ਰਣਾਲੀ ਕਿਉਂ ਲਗਵਾਉਣੀ ਹੈ?

- ਆਪਣੇ ਬਿਜਲੀ ਦੇ ਬਿੱਲਾਂ ਨੂੰ ਘਟਾਓ
- ਆਪਣੀ ਊਰਜਾ ਪੂਰਤੀ ਨੂੰ ਅੱਗੇ ਵਧਾਓ
- ਸੂਰਜੀ ਉਦਯੋਗ ਵਿੱਚ 5,500 ਨੌਕਰੀਆਂ ਪੈਦਾ ਕਰਨ ਵਿੱਚ ਸਹਾਇਤਾ ਕਰੋ
- ਵਾਤਾਵਰਣ ਦੇ ਬਦਲਾਵ ਨੂੰ ਕਾਬੂ ਕਰੋ

## ਪ੍ਰੋਗਰਾਮ ਦੇ ਬਾਰੇ

Solar Homes ਪ੍ਰੋਗਰਾਮ, ਯੋਗ ਵਿਕਟੋਰੀਆ ਵਾਸੀਆਂ ਨੂੰ ਆਪਣੇ ਊਰਜਾ ਬਿੱਲਾਂ ਨੂੰ ਕਾਬੂ ਕਰਨ, ਨਵਿਆਉਣਯੋਗ ਊਰਜਾ ਨੂੰ ਅਪਨਾਉਣ ਅਤੇ ਸਾਰੇ ਵਿਕਟੋਰੀਆ ਵਾਸੀਆਂ ਲਈ ਸਾਫ਼ ਸੁਥਰਾ ਤੇ ਵਧੀਆ ਭਵਿੱਖ ਪ੍ਰਦਾਨ ਕਰ ਰਿਹਾ ਹੈ।

ਪ੍ਰੋਗਰਾਮ, ਸੋਲਰ ਪੈਨਲਾਂ (ਪੀ ਵੀ), ਸੋਲਰ ਗਰਮ ਪਾਣੀ ਅਤੇ ਸੋਲਰ ਬੈਟਰੀਆਂ ਵਾਸਤੇ ਛੋਟਾਂ ਦੇ ਨਾਲ ਨਾਲ ਨਵੇਂ ਲਾਭਾਂ ਜਿੰਨ੍ਹਾਂ ਵਿੱਚ ਸੋਲਰ ਪੈਨਲਾਂ (ਪੀ ਵੀ) ਵਾਸਤੇ ਵਿਆਜ-ਮੁਕਤ ਕਰਜ਼ੇ ਸ਼ਾਮਲ ਹਨ ਨੂੰ ਲੈਣਾ ਸੌਖਾ ਬਣਾਉਂਦਾ ਹੈ।

ਤੁਹਾਡਾ ਸੋਲਰ ਵਿਕਰੇਤਾ ਤੁਹਾਡੀ ਥਾਂਵੇਂ ਛੋਟ ਦਾ ਦਾਅਵਾ ਕਰੇਗਾ ਅਤੇ ਛੋਟ ਦੀ ਰਾਸ਼ੀ ਤੁਹਾਡੀ ਪੂਰੀ ਪ੍ਰਣਾਲੀ ਤੇ ਲਗਵਾਉਣ ਦੀ ਲਾਗਤ ਵਿੱਚੋਂ ਘਟਾ ਲਈ ਜਾਵੇਗੀ। ਇਕ ਵਾਰ ਪ੍ਰਣਾਲੀ ਲੱਗ ਜਾਵੇ, ਕੋਈ ਵੀ ਬਕਾਇਆ ਰਾਸ਼ੀ ਦੀ ਸੋਲਰ ਵਿਕਰੇਤਾ ਨੂੰ ਭੁਗਤਾਨ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੈ।

### ਵਿਆਜ਼-ਮੁਕਤ ਕਰਜ਼ਾ ਲੈਣਾ ਚਾਹੁੰਦੇ ਹੋ?

ਲਾਗਤਾਂ ਨੂੰ ਹੋਰ ਘਟਾਉਣ ਲਈ, ਮਾਲਕ-ਵਿੱਚ ਰਹਿਣ ਵਾਲੇ **ਸੋਲਰ ਪੈਨਲ (ਪੀ ਵੀ) ਪ੍ਰਣਾਲੀਆਂ ਵਾਸਤੇ** ਉਹਨਾਂ ਦੇ ਸੋਲਰ ਪੈਨਲ (ਪੀ ਵੀ) ਛੋਟ ਦੀ ਰਾਸ਼ੀ ਦੇ ਬਰਾਬਰ ਵਿਆਜ਼-ਮੁਕਤ ਕਰਜ਼ਾ ਲੈਣ ਲਈ ਅਰਜ਼ੀ ਦੇ ਸਕਦੇ ਹਨ। ਸੋਲਰ ਵਿਕਟੋਰੀਆ ਪੋਰਟਲ ਦੇ ਰਾਹੀਂ ਛੋਟ ਵਾਲੀ ਅਰਜ਼ੀ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਕਰਜ਼ੇ ਵਾਸਤੇ ਤੁਹਾਡੀ ਯੋਗਤਾ ਬਾਰੇ ਤੁਹਾਨੂੰ ਸੂਚਿਤ ਕੀਤਾ ਜਾਵੇਗਾ।

ਅਰਜ਼ੀ ਦੀ ਨਵੀਂ ਪ੍ਰਕਿਰਿਆ ਦੇ ਅਧੀਨ, ਛੋਟ ਅਤੇ ਕਰਜ਼ੇ ਦੀ ਰਾਸ਼ੀ ਨੂੰ ਤੁਹਾਡੀ ਪ੍ਰਣਾਲੀ ਦੀ ਲਾਗਤ ਵਿੱਚੋਂ ਘਟਾਇਆ ਜਾਵੇਗਾ – ਇਹ ਯਕੀਨੀ ਬਨਾਉਣ ਲਈ ਕਿ ਇਕ ਵਾਰ ਪ੍ਰਣਾਲੀ ਲੱਗ ਜਾਵੇ, ਤੁਹਾਨੂੰ ਸਿਰਫ਼ ਬਕਾਇਆ ਰਾਸ਼ੀ ਹੀ ਦੇਣੀ ਪਵੇ। ਤੁਹਾਡੇ ਸੋਲਰ ਵਿਕਰੇਤਾ ਨੂੰ ਛੋਟ ਅਤੇ ਕਰਜ਼ੇ ਦੀ ਰਾਸ਼ੀ ਵਾਪਸ ਕਰ ਦਿੱਤੀ ਜਾਵੇਗੀ।

ਕਰਜ਼ੇ ਦਾ ਭੁਗਤਾਨ ਚਾਰ ਸਾਲਾਂ ਦੇ ਵਿੱਚ ਕਰਨ ਦੀ ਜ਼ਰੂਰਤ ਹੈ। **ਸੋਲਰ ਗਰਮ ਪਾਣੀ ਜਾਂ ਸੋਲਰ ਬੈਟਰੀਆਂ ਲਈ ਕਰਜ਼ੇ ਉਪਲਬਧ ਨਹੀਂ ਹਨ।**

## ਉਪਲਬਧ ਛੋਟਾਂ

### ਸੋਲਰ ਪੈਨਲ (ਪੀ ਵੀ) ਛੋਟ

ਕਿਰਾਏ ਵਾਲੀਆਂ ਜਾਇਦਾਦਾਂ ਦੇ ਮਾਲਕਾਂ ਸਮੇਤ ਯੋਗ ਘਰ ਸੋਲਰ ਪੈਨਲਾਂ (ਪੀ ਵੀ) ਦੀ ਲਾਗਤ ਉਪਰ ਛੋਟ ਦਾ ਦਾਅਵਾ ਕਰ ਸਕਦੇ ਹਨ।

### ਕਿਰਾਏ ਵਾਲੀਆਂ ਜਾਇਦਾਦਾਂ ਲਈ ਸੋਲਰ ਪੈਨਲ (ਪੀ ਵੀ) ਛੋਟ

ਕਿਰਾਏ ਵਾਲੀਆਂ ਯੋਗ ਜਾਇਦਾਦਾਂ ਸੋਲਰ ਪੈਨਲਾਂ (ਪੀ ਵੀ) ਦੀ ਲਾਗਤ ਉਪਰ ਛੋਟ ਦਾ ਦਾਅਵਾ ਕਰ ਸਕਦੀਆਂ ਹਨ ਜਦੋਂ ਉਹ ਕਿਰਾਏਦਾਰਾਂ ਨੂੰ ਨਵਿਆਉਣਯੋਗ ਊਰਜਾ ਦੇ ਫਾਇਦਿਆਂ ਤੱਕ ਪਹੁੰਚ ਪ੍ਰਦਾਨ ਕਰਦੀਆਂ ਹਨ।

### ਸੋਲਰ ਗਰਮ ਪਾਣੀ ਦੀ ਛੋਟ

ਯੋਗ ਘਰ ਸੋਲਰ ਗਰਮ ਪਾਣੀ ਵਾਲੀ ਪ੍ਰਣਾਲੀ ਦੀ ਲਾਗਤ ਉਪਰ ਛੋਟ ਦਾ ਦਾਅਵਾ ਕਰ ਸਕਦੇ ਹਨ।

### ਸੋਲਰ ਬੈਟਰੀ ਦੀ ਛੋਟ

ਯੋਗ ਘਰ ਸੋਲਰ ਬੈਟਰੀ ਦੀ ਲਾਗਤ ਉਪਰ ਛੋਟ ਦਾ ਦਾਅਵਾ ਕਰ ਸਕਦੇ ਹਨ।

ਬੈਟਰੀ ਦੀ ਛੋਟ ਦਾ ਸ਼ੁਰੂਆਤੀ ਪ੍ਰੋਗਰਾਮ ਸਾਰੇ ਵਿਕਟੋਰੀਆ ਵਿੱਚ ਸਿਰਫ਼ ਕੁਝ ਖਾਸ ਇਲਾਕਿਆਂ (ਡਾਕਖਾਨੇ ਦੇ ਕੋਡਾਂ ਦੇ ਹਿਸਾਬ ਨਾਲ) ਨੂੰ ਨਿਸ਼ਾਨਾ ਬਣਾ ਰਿਹਾ ਹੈ ਜਿੰਨ੍ਹਾਂ ਕੋਲ ਪਹਿਲਾਂ ਤੋਂ ਹੀ ਸੋਲਰ ਪੈਨਲ ਹਨ ਪਰ ਉਹਨਾਂ ਨੇ ਸੋਲਰ ਛੋਟ ਪ੍ਰਾਪਤ ਨਹੀਂ ਕੀਤੀ ਹੈ।

Solar Victoria

VICTORIA State Government

# ਤੁਸੀਂ ਸ਼ੁਰੂ ਕਰਨ ਤੋਂ ਪਹਿਲਾਂ: ਪ੍ਰੋਗਰਾਮ ਵਾਸਤੇ ਯੋਗਤਾ ਨੂੰ ਸਮਝੋ

| **ਵਿਕਟੋਰੀਆ ਵਾਸੀ ਛੋਟ ਲੈਣ ਦੇ ਯੋਗ ਹਨ ਜੇਕਰ ਉਹ ਹੇਠ ਲਿਖੇ ਮਾਪਦੰਡਾਂ ਨੂੰ ਪੂਰਾ ਕਰਦੇ ਹਨ:** | ਸੋਲਰ ਪੈਨਲ (ਪੀ ਵੀ) ਛੋਟ | ਕਿਰਾਏ ਵਾਲੀਆਂ ਜਾਇਦਾਦਾਂ ਲਈ ਸੋਲਰ ਪੈਨਲ (ਪੀ ਵੀ) ਛੋਟ | ਸੋਲਰ ਗਰਮ ਪਾਣੀ ਦੀ ਛੋਟ | ਸੋਲਰ ਬੈਟਰੀ ਦੀ ਛੋਟ |
|---|---|---|---|---|
| ਅਰਜ਼ੀਕਰਤਾ ਨੂੰ ਜਾਇਦਾਦ ਦਾ ਮਾਲਕ-ਵਿੱਚ ਰਹਿਣ ਵਾਲਾ ਹੋਣਾ ਚਾਹੀਦਾ ਹੈ ਜਿੱਥੇ ਪ੍ਰਣਾਲੀ ਲਗਾਈ ਜਾ ਰਹੀ ਹੈ | ✓ | | ✓ | ✓ |
| ਸਾਰੇ ਮਾਲਕਾਂ ਦੀ ਸਾਂਝੀ ਟੈਕਸ ਯੋਗ ਘਰੇਲੂ ਆਮਦਨੀ 180,000 ਡਾਲਰ ਪ੍ਰਤੀ ਸਾਲ ਤੋਂ ਘੱਟ ਹੋਵੇ (ਆਸਟ੍ਰੇਲੀਆ ਦੇ ਟੈਕਸ ਦਫਤਰ ਦੁਆਰਾ ਤੁਹਾਡੀ ਮੁਲਾਂਕਣ ਦੀ ਸੂਚਨਾ ਉਪਰ ਆਧਾਰਿਤ) | ✓ | | ✓ | ✓ |
| ਇਹ ਜਾਇਦਾਦ ਪਹਿਲਾਂ ਤੋਂ ਬਣੀ ਹੋਈ ਹੈ, ਕੀਮਤ 3 ਮਿਲੀਅਨ (30 ਲੱਖ) ਡਾਲਰ ਤੋਂ ਘੱਟ ਹੋਵੇ | ✓ | ✓ | ✓ | ✓ |
| ਜਾਇਦਾਦ ਦੇ ਵਿੱਚ ਪਹਿਲਾਂ ਤੋਂ ਸੋਲਰ ਪੀ ਵੀ ਪ੍ਰਣਾਲੀ ਨਾ ਲੱਗੀ ਹੋਵੇ (1 ਨਵੰਬਰ 2009 ਤੋਂ ਲੈ ਕੇ) | ✓ | ✓ | | |
| Solar Homes ਪ੍ਰੋਗਰਾਮ ਦੇ ਅਧੀਨ ਅਰਜ਼ੀਕਰਤਾ ਨੇ ਮਾਲਕ-ਵਿੱਚ ਰਹਿਣ ਵਾਲੇ ਵਜੋਂ ਛੋਟ ਦਾ ਦਾਅਵਾ ਪਹਿਲਾਂ ਨਾ ਕੀਤਾ ਹੋਵੇ | ✓ | | ✓ | ✓ |
| ਮਾਲਕ ਅਤੇ ਕਿਰਾਏਦਾਰ ਦੇ ਵਿਚਕਾਰ Solar Homes ਪ੍ਰੋਗਰਾਮ ਇਕਰਾਰਨਾਮੇ ਨੂੰ ਮਾਲਕ ਅਤੇ ਸਾਰੇ ਕਿਰਾਏਦਾਰਾਂ ਦੁਆਰਾ ਦਸਤਖਤ ਕੀਤਾ ਗਿਆ ਹੈ | | ✓ | | |
| ਸਾਰੇ ਕਿਰਾਏਦਾਰਾਂ ਦੀ ਸਾਂਝੀ ਟੈਕਸ ਯੋਗ ਘਰੇਲੂ ਆਮਦਨੀ 180,000 ਡਾਲਰ ਪ੍ਰਤੀ ਸਾਲ ਤੋਂ ਘੱਟ ਹੋਵੇ (ਆਸਟ੍ਰੇਲੀਆ ਦੇ ਟੈਕਸ ਦਫਤਰ ਦੁਆਰਾ ਉਹਨਾਂ ਦੀਆਂ ਮੁਲਾਂਕਣ ਸੂਚਨਾਵਾਂ ਉਪਰ ਆਧਾਰਿਤ) | | ✓ | | |
| ਜੇਕਰ ਗਰਮ ਪਾਣੀ ਦੀ ਪ੍ਰਣਾਲੀ ਨੂੰ ਬਦਲਿਆ ਜਾਣਾ ਹੈ ਤਾਂ ਇਹ ਖਰੀਦਣ ਦੀ ਤਰੀਕ ਤੋਂ ਲੈ ਕੇ ਤਿੰਨ ਸਾਲ ਤੋਂ ਜ਼ਿਆਦਾ ਪੁਰਾਣੀ ਹੋਣੀ ਲਾਜ਼ਮੀ ਹੈ। | | | ✓ | |
| ਜਾਇਦਾਦ ਨਵੀਂ ਬਣੀ ਹੋਈ ਨਹੀਂ ਹੋਣੀ ਚਾਹੀਦੀ | | | ✓ | |
| ਜਾਇਦਾਦ ਡਾਕਖਾਨੇ ਦੇ ਖਾਸ ਕੋਡ ਵਿੱਚ ਸਥਿੱਤ ਹੋਣੀ ਚਾਹੀਦੀ ਹੈ ਅਤੇ ਇਸ ਵਿੱਚ 5 ਕਿਲੋਵਾਟ ਦੇ ਬਰਾਬਰ ਜਾਂ ਇਸ ਤੋਂ ਵੱਧ ਸਮਰੱਥਾ ਵਾਲੇ ਸੋਲਰ ਪੀ ਵੀ ਪੈਨਲ ਲੱਗੇ ਹੋਣੇ ਚਾਹੀਦੇ ਹਨ | | | | ✓ |
| ਲਗਾਉਣ ਤੋਂ ਪਹਿਲਾਂ ਦੀ ਮਨਜ਼ੂਰੀ ਸਾਡੇ ਊਰਜਾ ਵੰਡਣ ਵਾਲੇ ਨੈੱਟਵਰਕ ਸੇਵਾ ਪ੍ਰਦਾਤਾ (ਡੀ ਐਨ ਐਸ ਪੀ) ਕੋਲੋਂ ਲਈ ਜਾ ਸਕਦੀ ਹੈ | | | | ✓ |
| ਊਰਜਾ ਨੂੰ ਸਾਂਭਣ ਦੇ ਹੱਲ ਸਾਡੀ ਮਨਜ਼ੂਰਸ਼ੁਦਾ ਬੈਟਰੀ ਸੂਚੀ ਉਪਰ ਦਿੱਤੇ ਗਏ ਹਨ ਅਤੇ ਜਾਇਦਾਦ ਵਿੱਚ ਪਹਿਲਾਂ ਤੋਂ ਊਰਜਾ ਨੂੰ ਸੰਭਾਲਣ ਦੀ ਪ੍ਰਣਾਲੀ ਨਹੀਂ ਲੱਗੀ ਹੋਈ | | | | ✓ |
| ਮਾਲਕ ਇਹ ਪ੍ਰਾਪਤ ਕਰ ਲਈ ਸਹਿਮਤ ਹੁੰਦਾ ਹੈ/ਹੁੰਦੇ ਹਨ:<br>• ਊਰਜਾ ਵੰਡਣ ਵਾਲੇ ਨੈੱਟਵਰਕ ਸੇਵਾ ਪ੍ਰਦਾਤਾ ਕੋਲੋਂ ਜਾਣਕਾਰੀ<br>• ਜੇਕਰ ਚੁਣੇ ਜਾਂਦੇ ਹੋ ਤਾਂ ਮੁਫਤ ਸੁਰੱਖਿਆ ਜਾਂਚ ਅਤੇ/ਜਾਂ ਪੜਤਾਲ | | | | ✓ |

**ਹਰੇਕ ਛੋਟ ਧਾਰਾ ਦੀਆਂ ਆਪਣੀਆਂ ਨਿਵੇਕਲੀਆਂ ਯੋਗਤਾਵਾਂ ਲੋੜਾਂ ਹਨ ਅਤੇ ਅਰਜ਼ੀ ਪਾਉਣ ਦੀ ਪ੍ਰਕਿਰਿਆ ਹੈ। ਅਰਜ਼ੀ ਦੀ ਪ੍ਰਕਿਰਿਆ ਸ਼ੁਰੂ ਕਰਨ ਤੋਂ ਪਹਿਲਾਂ ਤੁਸੀਂ ਕਿਰਪਾ ਕਰਕੇ solar.vic.gov.au ਉਪਰ ਜਾ ਕੇ ਆਪਣੇ ਆਪ ਨੂੰ ਜਾਣੂ ਕਰਵਾਓ।** ਇਕ ਵਾਰ ਤੁਹਾਨੂੰ ਭਰੋਸਾ ਹੋ ਗਿਆ ਕਿ ਤੁਹਾਡੀ ਜਾਇਦਾਦ ਮਾਪਦੰਡ ਯੋਗਤਾ ਵਿੱਚ ਠੀਕ ਬੈਠਦੀ ਹੈ, ਤੁਸੀਂ ਸੋਲਰ ਪੇਸ਼ੇਵਰਾਂ ਅਤੇ ਉਤਪਾਦਾਂ ਬਾਰੇ ਖੋਜ ਸ਼ੁਰੂ ਕਰ ਸਕਦੇ ਹੋ ਜੋ ਕਿ ਇਸ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਅਧਿਕਾਰਤ ਹਨ ਅਤੇ ਤੁਹਾਡੀਆਂ ਊਰਜਾ ਲੋੜਾਂ ਨੂੰ ਪੂਰਾ ਕਰ ਸਕਦੇ ਹਨ।

## ਸਾਨੂੰ ਸੰਪਰਕ ਕਰੋ

ਪ੍ਰੋਗਰਾਮ ਦੇ ਬਾਰੇ ਵਧੇਰੇ ਜਾਣਕਾਰੀ ਤੁਸੀਂ www.solar.vic.gov.au ਉਪਰੋਂ ਲੱਭ ਸਕਦੇ ਹੋ ਜਾਂ ਤੁਸੀਂ ਸਾਡੀ ਗਾਹਕ ਸੇਵਾ ਟੀਮ ਨੂੰ 1300 376 393 (ਕੰਮ ਵਾਲੇ ਘੰਟਿਆਂ ਦੇ ਦੌਰਾਨ) ਉਪਰ ਫੋਨ ਕਰ ਸਕਦੇ ਹੋ।

Interpreter **ਨੈਸ਼ਨਲ ਅਨੁਵਾਦ ਅਤੇ ਦੁਭਾਸ਼ੀਆ ਸੇਵਾ: 131 450.**

© ਵਿਕਟੋਰੀਆ ਸਰਕਾਰ ਵਾਤਾਵਰਣ, ਜ਼ਮੀਨ, ਪਾਣੀ ਅਤੇ ਯੋਜਨਾ ਵਿਭਾਗ 2019

**ਬੇਦਾਅਵਾ**

ਇਹ ਪ੍ਰਕਾਸ਼ਨ ਤੁਹਾਡੇ ਲਈ ਸਹਾਇਕ ਹੋ ਸਕਦਾ ਹੈ ਪਰ ਵਿਕਟੋਰੀਆ ਦੀ ਸਰਕਾਰ ਜਾਂ ਇਸ ਦੇ ਕਰਮਚਾਰੀ ਇਸ ਚੀਜ਼ ਦੀ ਜ਼ਮਾਨਤ ਨਹੀਂ ਦਿੰਦੇ ਕਿ ਇਹ ਪ੍ਰਕਾਸ਼ਨ ਕਿਸੇ ਕਿਸਮ ਤੋਂ ਦੋਸ਼ ਰਹਿਤ ਹੈ ਜਾਂ ਤੁਹਾਡੇ ਖਾਸ ਉਦੇਸ਼ ਵਾਸਤੇ ਪੂਰੀ ਤਰ੍ਹਾਂ ਉਚਿੱਤ ਹੈ ਅਤੇ ਇਸ ਲਈ ਕਿਸੇ ਵੀ ਤਰੁੱਟੀ, ਘਾਟੇ ਜਾਂ ਹੋਰ ਨਤੀਜੇ ਜੋ ਕਿ ਇਸ ਪ੍ਰਕਾਸ਼ਨ ਵਿੱਚਲੀ ਕਿਸੇ ਵੀ ਜਾਣਕਾਰੀ ਵਿੱਚੋਂ ਪੈਦਾ ਹੋ ਸਕਦੇ ਹਨ, ਦੀਆਂ ਸਾਰੀਆਂ ਦੇਣਦਾਰੀਆਂ ਲਈ ਬੇਦਾਅਵਾ ਦਿੰਦੇ ਹਨ।